# ਸਾਸਕਾਟੂਨ ਪਬਲਿਕ ਸਕੂਲਾਂ ਵਿਖੇ ਵਿਦਿਆਰਥੀ ਖਾਤੇ

ਸਾਸਕਾਟੂਨ ਪਬਲਿਕ (PK-12) ਵਿਖੇ ਹਰ ਵਿਦਿਆਰਥੀ ਦਾ ਇੱਕ ਵਿਦਿਆਰਥੀ ਨੰਬਰ ਹੁੰਦਾ ਹੈ ਜਿਸ ਉੱਤੇ SPS ਵਰਤੋਂਕਾਰ ਖਾਤੇ ਨੂੰ ਬਣਾਇਆ ਜਾਂਦਾ ਹੈ। ਉਹਨਾਂ ਨੂੰ ਇੱਕ ਪੂਰਵ-ਨਿਰਧਾਰਤ ਪਾਸਵਰਡ ਦਿੱਤਾ ਜਾਂਦਾ ਹੈ ਅਤੇ ਜਦ ਉਹ ਪਹਿਲੀ ਵਾਰ ਲੌਗ ਔਨ ਕਰਦੇ ਹਨ, ਤਾਂ ਉਹਨਾਂ ਨੂੰ ਇਸਨੂੰ ਬਦਲਣ ਲਈ ਮਜ਼ਬੂਰ ਕੀਤਾ ਜਾਂਦਾ ਹੈ।

**ਸਕੂਲ ਕੰਪਿਊਟਰਾਂ ਅਤੇ ਹੋਰ ਸਰੋਤਾਂ ਉੱਤੇ ਲੌਗ ਔਨ ਕਰਨ ਲਈ ਵਿਦਿਆਰਥੀ ਖਾਤੇ:**

ਵਿਦਿਆਰਥੀ ਦਾ ਨੰਬਰ: 123456

ਪੂਰਵ-ਨਿਰਧਾਰਤ ਪਾਸਵਰਡ: YYYYMMDD

ਨਵਾਂ ਪਾਸਵਰਡ ਘੱਟੋ-ਘੱਟ 6 ਅੱਖਰ-ਚਿੰਨ੍ਹਾਂ ਦਾ ਹੋਣਾ ਲਾਜ਼ਮੀ ਹੈ

ਜੇ ਤੁਹਾਡਾ ਬੱਚਾ ਆਪਣਾ ਪਾਸਵਰਡ ਨਹੀਂ ਜਾਣਦਾ, ਤਾਂ ਕਿਰਪਾ ਕਰਕੇ ਆਪਣੇ ਕਲਾਸਰੂਮ ਦੇ ਅਧਿਆਪਕ ਨਾਲ ਸੰਪਰਕ ਕਰੋ। ਉਹ ਤੁਹਾਡੇ ਵਾਸਤੇ ਪਾਸਵਰਡ ਬਦਲ ਦੇਣਗੇ ਅਤੇ ਜਾਣਕਾਰੀ ਤੁਹਾਨੂੰ ਵਾਪਸ ਭੇਜ ਦੇਣਗੇ।

ਇਸ ਖਾਤੇ ਨਾਲ ਉਹਨਾਂ ਨੂੰ ਕਈ ਵਿਭਿੰਨ ਡਿਜ਼ੀਟਲ ਔਜ਼ਾਰਾਂ ਤੱਕ ਪਹੁੰਚ ਮਿਲੇਗੀ:

## SPS Google ਖਾਤਾ

ਵਰਤੋਂਕਾਰ-ਨਾਮ: **student#@spsd.sk.ca**

ਉਹੀ ਪਾਸਵਰਡ ਜੋ ਉਹ ਸਕੂਲ ਵਿਖੇ ਲੌਗ ਇਨ ਕਰਨ ਲਈ ਵਰਤਦੇ ਹਨ

**SPS ਵਿਖੇ EDU ਵਾਸਤੇ G-Suite ਵਿੱਚ ਸਾਈਨ ਇਨ ਕਰਨ ਲਈ:**

https://accounts.google.com

ਕਿਰਪਾ ਕਰਕੇ ਆਪਣੇ ਵਿਦਿਆਰਥੀ ਦਾ ਵਰਤੋਂਕਾਰ-ਨਾਮ ਅਤੇ ਪਾਸਵਰਡ ਦਾਖਲ ਕਰੋ।



***ਨੋਟ: ਜੇ ਵਿਦਿਆਰਥੀਆਂ ਕੋਲ ਪਹਿਲਾਂ ਹੀ ਕੋਈ Gmail ਖਾਤਾ ਹੈ, ਤਾਂ SPS G-Suite ਸਰੋਤਾਂ ਤੱਕ ਪਹੁੰਚ ਕਰਨ ਲਈ ਉਹਨਾਂ ਵਾਸਤੇ ਇਸ ਵਿੱਚੋਂ ਲੌਗ ਆਊਟ ਕਰਨਾ, ਅਤੇ ਆਪਣੇ SPS ਖਾਤੇ ਵਿੱਚ ਲੌਗ ਇਨ ਕਰਨਾ ਲਾਜ਼ਮੀ ਹੈ।**

**ਇਹ ਉਹਨਾਂ ਨੂੰ ਆਪਣੇ G-Suite EDU ਖਾਤੇ ਤੱਕ ਪਹੁੰਚ ਪ੍ਰਦਾਨ ਕਰੇਗਾ**

ਆਪਣੇ ਖਾਤੇ ਵਿੱਚ, ਵਿਦਿਆਰਥੀ ਹੇਠ ਲਿਖੀਆਂ G-Suite ਐਪਾਂ ਦੇਖਣਗੇ ਜੋ ਉਹਨਾਂ ਲਈ ਉਪਲਬਧ ਹਨ।




ਫਾਈਲਾਂ ਸਟੋਰ ਕਰਨ ਲਈ ਉਹਨਾਂ ਨੂੰ G Drive ਤੱਕ ਪਹੁੰਚ ਉਪਲਬਧ ਹੈ। ਉਹ ਦਸਤਾਵੇਜ਼ਾਂ, ਸ਼ੀਟਾਂ, ਜਾਂ ਸਲਾਈਡਾਂ ਦੀ ਵਰਤੋਂ ਕਰਕੇ ਫਾਈਲਾਂ ਬਣਾ ਸਕਦੇ ਹਨ।

ਉਹ ਆਪਣੇ Google ਕਲਾਸਰੂਮ ਤੱਕ ਪਹੁੰਚ ਵੀ ਕਰ ਸਕਦੇ ਹਨ।

https://classroom.google.com




ਉਹ ਇਸ Google ਖਾਤੇ ਨੂੰ ਹੋਰ ਡਿਜ਼ੀਟਲ EDU ਪਲੇਟਫਾਰਮਾਂ ਲਈ ਸਾਈਨ ਅੱਪ ਕਰਨ ਵਾਸਤੇ ਵਰਤ ਸਕਦੇ ਹਨ।




ਉਹ ਇਸ Google ਖਾਤੇ ਨੂੰ ਅਧਿਆਪਕ ਵੱਲੋਂ ਵਰਤੀਆਂ ਜਾਂਦੀਆਂ ਹੋਰ EDU ਵੈੱਬਸਾਈਟਾਂ ਵਿੱਚ ਸਾਈਨ ਇਨ ਕਰਨ ਲਈ ਵਰਤ ਸਕਦੇ ਹਨ।

**ਨੋਟ: ਇਹ ਵਿਦਿਆਰਥੀਆਂ ਵਾਸਤੇ ਕੋਈ Gmail ਖਾਤਾ ਨਹੀਂ ਹੈ। ਵਿਦਿਆਰਥੀਆਂ ਨੂੰ ਈਮੇਲ ਸੁਵਿਧਾ ਆਪਣੇ Office 365 ਖਾਤੇ ਰਾਹੀਂ ਮਿਲਦੀ ਹੈ। ਉਹ ਕਿਸੇ ਨਿੱਜੀ Gmail ਖਾਤੇ ਰਾਹੀਂ G-Suite ਸਰੋਤਾਂ ਤੱਕ ਪਹੁੰਚ ਨਹੀਂ ਕਰ ਸਕਦੇ।**

## Office 365 ਖਾਤਾ

ਸਾਸਕਾਟੂਨ ਪਬਲਿਕ ਸਕੂਲਜ਼ ਹਰ ਵਿਦਿਆਰਥੀ ਨੂੰ ਇੱਕ Office 365 ਖਾਤਾ ਵੀ ਪ੍ਰਦਾਨ ਕਰਾਉਂਦਾ ਹੈ।

ਵਿਦਿਆਰਥੀਆਂ ਦੇ Office 365 ਖਾਤੇ ਤੱਕ ਪਹੁੰਚ ਕਰਨ ਲਈ, www.office.comਦੇਖੋ।




[student#@spsd.sk.ca](mailto:student#@spsd.sk.ca) ਅਤੇ ਉਸ ਪਾਸਵਰਡ ਨਾਲ ਸਾਈਨ ਇਨ ਕਰੋ ਜੋ ਤੁਸੀਂ ਕੰਪਿਊਟਰ ਲੌਗ ਔਨ ਲਈ ਵਰਤਦੇ ਹੋ।




ਤੁਹਾਨੂੰ SPS ਵਿੱਚ ਦੂਜੀ ਵਾਰ ਲੌਗ ਇਨ ਕਰਨ ਦੀ ਲੋੜ ਪਵੇਗੀ।






**ਵਿਦਿਆਰਥੀ ਦਾ ਈਮੇਲ ਪਤਾ ਹੈ: Student#@sps-student.sk.ca**

ਫਾਈਲਾਂ ਸਟੋਰ ਕਰਨ ਲਈ ਅਤੇ Word, Excel, ਜਾਂ Power Point ਦੀ ਵਰਤੋਂ ਕਰਕੇ ਫਾਈਲਾਂ ਬਣਾਉਣ ਲਈ ਵਿਦਿਆਰਥੀ OneDrive ਤੱਕ ਪਹੁੰਚ ਨੂੰ ਰੱਖਿਅਤ ਕਰ ਲੈਂਦੇ ਹਨ।




ਈਮੇਲ, ਇੱਕ ਕੈਲੰਡਰ, ਸੰਪਰਕਾਂ ਅਤੇ ਕਰਨ ਵਾਲੇ ਕੰਮਾਂ ਦੀ ਸੂਚੀ ਵਾਸਤੇ ਵਿਦਿਆਰਥੀ Outlook ਦੀ ਵਰਤੋਂ ਕਰ ਸਕਦੇ ਹਨ।




Word, Excel, Power Point ਅਤੇ OneNote ਅਤੇ ਹੋਰ ਐਪਾਂ ਵੀ ਉਪਲਬਧ ਹਨ।




ਇਹਨਾਂ ਫਾਈਲਾਂ ਨੂੰ Google Classroom ਵਿੱਚ ਵੀ ਅੱਪਲੋਡ ਕੀਤਾ ਜਾ ਸਕਦਾ ਹੈ।

ਵਿਦਿਆਰਥੀਆਂ ਨੂੰ ਉਹਨਾਂ ਦੇ Office 365 ਖਾਤੇ ਦੇ ਨਾਲ ਆਪਣੀਆਂ ਨਿੱਜੀ ਡੀਵਾਈਸਾਂ ਲਈ Office 365 ਦੇ 5 ਮੁਫ਼ਤ ਡਾਊਨਲੋਡ ਵੀ ਮਿਲਦੇ ਹਨ।

ਅਜਿਹਾ ਕਰਨ ਲਈ Install Office ’ਤੇ ਕਲਿੱਕ ਕਰੋ।




ਤੁਸੀਂ ਐਪਾਂ ਨੂੰ iOS ਅਤੇ Android ਡੀਵਾਈਸਾਂ ’ਤੇ ਵੀ ਡਾਊਨਲੋਡ ਕਰ ਸਕਦੇ ਹੋ ਅਤੇ ਆਪਣੇ SPS ਖਾਤੇ ਵਿੱਚ ਲੌਗ ਇਨ ਕਰ ਸਕਦੇ ਹੋ।